**WABC**
WHATCOM ASSET BUILDING COALITION



**2026 ਵੈਟਕੌਮ ਟੈਕਸ ਗਾਈਡ**

opportunity council

## ਵਿਅਕਤੀਗਤ ਮਦਦ: ਮੁਫ਼ਤ ਟੈਕਸ ਤਿਆਰ ਕਰਨ ਵਾਲੀਆਂ ਸਾਈਟਾਂ

### AARP ਟੈਕਸ-ਸਹਾਇਕ ਵੱਕ-ਇਨ

First Congregational Church
2401 Cornwall Ave, Bellingham
(360) 474-7066

**ਸੋਮਵਾਰ ਤੋਂ ਬੁੱਧਵਾਰ, ਦੁਪਹਿਰ 2 ਵਜੇ ਤੋਂ ਸ਼ਾਮ 6:00 ਵਜੇ ਤੱਕ,**
**ਸ਼ਨੀਵਾਰ ਦੁਪਹਿਰ 1 ਵਜੇ ਤੋਂ ਸ਼ਾਮ 5 ਵਜੇ ਤੱਕ**

ਕੋਈ ਅਪਾਇੰਟਮੈਂਟ ਨਹੀਂ, ਸਿਰਫ਼ ਵੱਕ-ਇਨ, ਪਹਿਲਾਂ ਆਓ, ਪਹਿਲਾਂ ਪਾਓ ਦੇ ਆਧਾਰ 'ਤੇ ਹੀ ਆਉਣਾ। ਆਮਦਨ ਜਾਂ ਉਮਰ ਦੀ ਪਰਵਾਹ ਕੀਤੇ ਬਿਨਾਂ ਸਾਰੇ ਟੈਕਸਦਾਤਿਆਂ ਲਈ ਖੁੱਲ੍ਹਾ ਹੈ। ਸੇਵਾਵਾਂ ਅੰਗਰੇਜ਼ੀ ਵਿੱਚ ਉਪਲਬਧ ਹਨ।

### AARP ਟੈਕਸ-ਸਹਾਇਕ ਅਪੁਆਇੰਟਮੈਂਟ

**Bellingham Senior Activity Center**
**140 Bellis Fair Pkwy**
**Bellingham (360)-733-4030**

**ਮੰਗਲਵਾਰ ਅਤੇ ਵੀਰਵਾਰ ਸਵੇਰੇ 9:00 ਵਜੇ ਤੋਂ ਦੁਪਹਿਰ 2:00 ਵਜੇ**

ਸਿਰਫ਼ ਅਪੁਆਇੰਟਮੈਂਟ ਰਾਹੀਂ, 2/3 ਤੋਂ 4/9 ਤੱਕ। ਸਮਾਂ ਨਿਰਧਾਰਤ ਕਰਨ ਲਈ ਫ਼ੋਨ ਕਰੋ। ਆਮਦਨ ਜਾਂ ਉਮਰ ਦੀ ਪਰਵਾਹ ਕੀਤੇ ਬਿਨਾਂ ਸਾਰੇ ਟੈਕਸਦਾਤਿਆਂ ਲਈ ਖੁੱਲ੍ਹਾ ਹੈ। ਸੇਵਾਵਾਂ ਅੰਗਰੇਜ਼ੀ ਵਿੱਚ ਉਪਲਬਧ ਹਨ।

### Western Washington University VITA

**Academic West**, Room 306.
vitawwu.org

**ਕਈ ਸੋਮਵਾਰ, ਮੰਗਲਵਾਰ ਬੁੱਧਵਾਰ, ਸ਼ਾਮ 4:30 ਵਜੇ ਤੋਂ ਸ਼ਾਮ 7:30 ਵਜੇ**

ਅਪੁਆਇੰਟਮੈਂਟ ਲੈਣ ਦੀ ਪੁਰਜ਼ੋਰ ਸਿਫਾਰਸ਼ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ, ਦਿਸ਼ਾ-ਨਿਰਦੇਸ਼ਾਂ ਅਤੇ ਸਮਾਂ-ਸਾਰਣੀ ਲਈ ਵੈੱਬਸਾਈਟ 'ਤੇ ਜਾਓ। ਸੇਵਾਵਾਂ ਅੰਗਰੇਜ਼ੀ ਅਤੇ ਸਪੈਨਿਸ਼ ਵਿੱਚ ਉਪਲਬਧ ਹਨ।

### Whatcom Community College VITA

**WCC Learning Commons, Room 320**

**ਸੋਮਵਾਰ ਸ਼ਾਮ 5:00 ਵਜੇ ਤੋਂ ਸ਼ਾਮ 8 ਵਜੇ ਤੱਕ,**
**ਸ਼ੁੱਕਰਵਾਰ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ**

ਘੱਟ ਆਮਦਨ ਵਾਲੇ ਪਰਿਵਾਰਾਂ ਲਈ ਟੈਕਸ ਭਰਨ ਵਿੱਚ ਮੁਫ਼ਤ ਮਦਦ। ਨਾਲ ਲਿਆਓ: ਸਰਕਾਰੀ ਸ਼ਨਾਖਤੀ ਕਾਰਡ (ID), ਸੋਸ਼ਲ ਸਿਕਿਉਰਿਟੀ ਜਾਂ ITIN ਕਾਰਡ ਅਤੇ ਟੈਕਸ ਦੇ ਦਸਤਾਵੇਜ਼।

## ਆਪਣੇ-ਆਪ ਕਰੋ: ਮੁਫਤ ਔਨਲਾਈਨ ਟੈਕਸ ਪ੍ਰੋਗਰਾਮ

### MyFreeTaxes

myfreetaxeswa.org

ਆਪਣੇ ਆਪ ਫਾਈਲ ਕਰੋ, ਜਾਂ ਆਪਣੀ ਰਿਟਰਨ ਆਪਣੇ ਲਈ ਤਿਆਰ ਰੱਖੋ। ਆਮਦਨ ਦੀ ਪਰਵਾਹ ਕੀਤੇ ਬਿਨਾਂ, ਸਾਰੇ ਟੈਕਸਦਾਤਾਵਾਂ ਲਈ ਸਵੈ-ਫਾਈਲ ਉਪਲਬਧ ਹੈ। $80,000.00 ਜਾਂ ਘੱਟ ਕਮਾਉਣ ਵਾਲੇ ਫਾਈਲਰਾਂ ਲਈ ਸਹਾਇਤਾ ਉਪਲਬਧ ਹੈ (ਜੇਕਰ ਸਾਂਝੇ ਤੌਰ 'ਤੇ ਫਾਈਲ ਕਰਦੇ ਹੋ ਤਾਂ $96,000.00)।

### ਆਪਣਾ ਰਿਫੰਡ ਪ੍ਰਾਪਤ ਕਰੋ

getyourrefund.org

ਆਪਣੇ ਆਪ ਫਾਈਲ ਕਰੋ, ਜਾਂ ਆਪਣੀ ਰਿਟਰਨ ਆਪਣੇ ਲਈ ਤਿਆਰ ਰੱਖੋ। ਸਹਾਇਕ ਵਰਚੁਅਲ ਟੈਕਸ ਤਿਆਰੀ ਲਈ, ਚੈਟ ਸਹਾਇਤਾ ਅਤੇ ITIN ਐਪਲੀਕੇਸ਼ਨ ਸਹਾਇਤਾ ਵੀ ਉਪਲਬਧ ਹੈ। ਸਾਰੀਆਂ ਸੇਵਾਵਾਂ ਅੰਗਰੇਜ਼ੀ ਅਤੇ ਸਪੈਨਿਸ਼ ਵਿੱਚ ਉਪਲਬਧ ਹੋਣਗੀਆਂ।

# ਤੁਹਾਨੂੰ ਜੋ ਚੀਜ਼ਾਂ ਪਤਾ ਹੋਣੀਆਂ ਚਾਹੀਦੀਆਂ ਹਨ 2026 ਟੈਕਸ ਫਾਈਲਿੰਗ ਸੀਜ਼ਨ ਲਈ

## ਕਮਾਏ ਗਏ ਇਨਕਮ ਟੈਕਸ ਕ੍ਰੈਡਿਟ (EITC)

25 ਅਤੇ 65 ਸਾਲ ਦੀ ਉਮਰ ਦੇ ਵਿਚਕਾਰ ਜਾਂ ਕਿਸੇ ਵੀ ਉਮਰ ਵਾਲੇ ਯੋਗਤਾ ਪ੍ਰਾਪਤ ਬੱਚੇ ਵਾਲੇ ਘੱਟ ਤੋਂ ਦਰਮਿਆਨੀ ਆਮਦਨ ਵਾਲੇ ਟੈਕਸਦਾਤਾ EITC ਲਈ ਯੋਗ ਹੋ ਸਕਦੇ ਹਨ। ਯੋਗ ਹੋਣ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ $68,675, ਤੋਂ ਘੱਟ ਕਮਾਇਆ ਗਿਆ ਹੋਣਾ ਜ਼ਰੂਰੀ ਹੈ, ਜਾਇਜ਼ ਸੋਸ਼ਲ ਸਿਕਿਉਰਿਟੀ ਨੰਬਰ ਹੋਣਾ, ਅਤੇ ਇੱਕ ਅਮਰੀਕੀ ਨਾਗਰਿਕ ਜਾਂ ਇੱਕ ਨਿਵਾਸੀ ਵਿਦੇਸ਼ੀ ਹੋਣਾ ਜ਼ਰੂਰੀ ਹੈ।

## ਵਰਕਿੰਗ ਫੈਮਿਲੀਜ਼ ਟੈਕਸ ਕ੍ਰੈਡਿਟ (WFTC)

ਵਾਸ਼ਿੰਗਟਨ ਟੈਕਸਦਾਤਾ ਜੋ ਅੱਧੇ ਸਾਲ ਤੋਂ ਵੱਧ ਸਮੇਂ ਲਈ ਰਾਜ ਵਿੱਚ ਰਹੇ ਹਨ ਅਤੇ EITC ਦੀਆਂ ਆਮਦਨ ਅਤੇ ਉਮਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ $1330 ਤੱਕ ਵਾਪਸ ਪ੍ਰਾਪਤ ਕਰ ਸਕਦੇ ਹਨ। ਯੋਗਤਾ ਦੀ ਜਾਂਚ ਕਰਨ ਅਤੇ ਅਪਲਾਈ ਕਰਨ ਲਈ workingfamiliescredit.wa.gov 'ਤੇ ਜਾਓ।

## ਚਾਈਲਡ ਟੈਕਸ ਕ੍ਰੈਡਿਟ (CTC)

ਟੈਕਸਦਾਤਾ ਹਰੇਕ ਯੋਗ ਬੱਚੇ ਲਈ ਚਾਈਲਡ ਟੈਕਸ ਕ੍ਰੈਡਿਟ ਦਾ ਦਾਅਵਾ ਕਰ ਸਕਦੇ ਹਨ ਜਿਸ ਕੋਲ ਸੋਸ਼ਲ ਸਿਕਿਉਰਿਟੀ ਨੰਬਰ ਹੈ। ਯੋਗ ਬੱਚਿਆਂ ਦੀ ਉਮਰ 17 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ, ਅੱਧੇ ਸਾਲ ਤੋਂ ਵੱਧ ਸਮੇਂ ਲਈ ਘਰ ਵਿੱਚ ਰਹਿਣਾ ਚਾਹੀਦਾ ਹੈ ਅਤੇ ਹੋਰ ਜ਼ਰੂਰਤਾਂ ਵੀ ਪੂਰੀਆਂ ਹੋਣੀਆਂ ਚਾਹੀਦੀਆਂ ਹਨ।

## ਟੈਕਸ ਕਿਸਨੂੰ ਭਰਨਾ ਚਾਹੀਦਾ ਹੈ?

ਮਿਆਰੀ ਕਟੌਤੀ ਤੋਂ ਘੱਟ ਆਮਦਨ ਵਾਲੇ ਕੁਝ ਲੋਕਾਂ ਲਈ, ਟੈਕਸ ਭਰਨ ਦੀ ਲੋੜ ਨਹੀਂ ਹੁੰਦੀ ਹੈ। ਹਾਲਾਂਕਿ, IRS ਸਿਫ਼ਾਰਿਸ਼ ਕਰਦਾ ਹੈ ਕਿ ਹਰ ਵਿਅਕਤੀ ਆਮਦਨ ਦੀ ਪਰਵਾਹ ਕੀਤੇ ਬਿਨਾਂ ਟੈਕਸ ਫਾਈਲ ਕਰੇ। ਇਹ ਸੰਭਵ ਹੈ ਕਿ ਘੱਟ ਆਮਦਨ ਵਾਲੇ ਲੋਕ ਕੁਝ ਟੈਕਸ ਕ੍ਰੈਡਿਟ ਪ੍ਰਾਪਤ ਕਰਨ ਲਈ ਯੋਗ ਹੋ ਸਕਦੇ ਹਨ।

**ਵਿਅਕਤੀਗਤ ਟੈਕਸਦਾਤਾ ਪਛਾਣ ਨੰਬਰ** (ITIN) ਫਾਈਲਰ ਵਰਕਿੰਗ ਫੈਮਿਲੀਜ਼ ਟੈਕਸ ਕ੍ਰੈਡਿਟ ਲਈ ਯੋਗ ਹੁੰਦੇ ਹਨ। ITINs ਬਾਰੇ ਹੋਰ ਜਾਣਕਾਰੀ ਚਾਹੁੰਦੇ ਹੋ ਜਾਂ ਇਸਨੂੰ ਕਿਵੇਂ ਪ੍ਰਾਪਤ ਕਰਨਾ ਹੈ? ਟੈਕਸ ਹੌਟਲਾਈਨ 'ਤੇ ਕਾਲ ਕਰੋ ਜਾਂ ਈਮੇਲ ਕਰੋ!

## ਇੱਕ IRS ਪ੍ਰਮਾਣਿਤ ਮੁਫ਼ਤ ਟੈਕਸ ਤਿਆਰ ਕਰਨ ਵਾਲੀ ਸਾਈਟ ਦੀ ਵਰਤੋਂ ਕਿਉਂ ਕੀਤੀ ਜਾਵੇ?

- ਇਹ **ਮੁਫ਼ਤ ਹੈ**! ਔਸਤ ਟੈਕਸ ਰਿਟਰਨ ਬਣਾਉਣ ਦਾ ਮੁੱਲ $240 ਹੈ ਪਰ ਇਹ $100 ਅਤੇ $600 ਦੇ ਵਿਚਕਾਰ ਕਿੰਨਾ ਵੀ ਹੋ ਸਕਦਾ ਹੈ। ਮੁਫ਼ਤ ਟੈਕਸ ਤਿਆਰ ਕਰਨ ਵਾਲੀਆਂ ਸਾਈਟਾਂ 'ਤੇ, ਕੋਈ ਵੀ ਤੁਹਾਨੂੰ ਲੁਕੀਆਂ ਹੋਈਆਂ ਫੀਸਾਂ ਦੇ ਨਾਲ ਮਹਿੰਗੇ ਲੋਨ ਉਤਪਾਦ ਦੀ ਪੇਸ਼ਕਸ਼ ਨਹੀਂ ਕਰਦਾ ਹੈ।
- ਇਹ **ਬਿਲਕੁਲ ਸਹੀ ਹੈ**! IRS ਪ੍ਰਮਾਣਿਤ ਮੁਫ਼ਤ ਸਾਈਟਾਂ ਦੀ 94% ਸ਼ੁੱਧਤਾ ਦਰ ਹੁੰਦੀ ਹੈ, ਜਦੋਂ ਕਿ ਅਦਾਇਗੀਸ਼ੁਦਾ ਤਿਆਰ ਕਰਨ ਵਾਲਿਆਂ ਨੂੰ ਸਿਰਫ਼ 40% ਸਹੀ ਹੋਣ ਦਾ ਦਰਜਾ ਦਿੱਤਾ ਜਾਂਦਾ ਹੈ। ਇਸਦਾ ਮਤਲਬ ਹੋ ਸਕਦਾ ਹੈ ਕਿ ਜ਼ਿਆਦਾ ਪੈਸਾ ਬਕਾਇਆ ਹੈ ਜਾਂ ਪੂਰਾ ਰਿਫੰਡ ਨਹੀਂ ਮਿਲ ਰਿਹਾ।

## ਦਸਤਾਵੇਜ਼ ਚੈੱਕਲਿਸਟ

ਤਿਆਰੀ ਕੁਸ਼ਲਤਾ ਦੀ ਕੁੰਜੀ ਹੈ, ਇਸ ਲਈ ਤੁਹਾਨੂੰ ਲੋੜੀਂਦੀਆਂ ਚੀਜ਼ਾਂ ਇਕੱਠੀਆਂ ਕਰਨਾ ਸ਼ੁਰੂ ਕਰੋ:

### ਵਿਅਕਤੀਗਤ ਜਾਣਕਾਰੀ

- ☐ ਫੋਟੋ ਆਈ.ਡੀ.
- ☐ ਸਮਾਜਿਕ ਸੁਰੱਖਿਆ ਕਾਰਡ ਜਾਂ ITIN ਅਸਾਈਨਮੈਂਟ ਲੈਟਰ
- ☐ ਜਨਮ ਦੀਆਂ ਤਾਰੀਖ਼ਾਂ
- ☐ 2024 ਟੈਕਸ ਰਿਟਰਨ ਦੀ ਕਾਪੀ
- ☐ ਬੈਂਕ ਖਾਤਾ ਅਤੇ ਰਾਉਟਿੰਗ ਨੰਬਰ

### ਆਮਦਨੀ ਦੀ ਜਾਣਕਾਰੀ

- ☐ W-2 ਫਾਰਮ
- ☐ ਕੋਈ ਵੀ 1099 ਫਾਰਮ
- ☐ ਪ੍ਰਾਪਤ ਹੋਇਆ ਗੁਜਾਰਾ ਭੱਤਾ
- ☐ ਫੁਟਕਲ ਆਮਦਨੀ (ਜਿਊਰੀ ਡਿਊਟੀ, ਜੂਏ ਦੀ ਜਿੱਤ, ਵਗੈਰਾ)

### ਸਿਹਤ ਬੀਮਾ ਦਸਤਾਵੇਜ਼

- ☐ 1095-A, 1095-B, ਜਾਂ 1095-C (ਜੇਕਰ ਢੁਕਵਾਂ ਹੋਵੇ)

### ਕਟੌਤੀਆਂ ਅਤੇ ਕ੍ਰੈਡਿਟ

- ☐ ਧਰਮਾਰਥ ਦਾਨ
- ☐ ਮੈਡੀਕਲ ਅਤੇ ਦੰਦਾਂ ਦੇ ਖਰਚੇ ਦੇ ਰਿਕਾਰਡ
- ☐ ਪ੍ਰਾਪਰਟੀ ਟੈਕਸ
- ☐ ਮੌਰਗੇਜ ਵਿਆਜ

### ਬੈਕ-ਅੱਪ ਜਾਣਕਾਰੀ

- ☐ ਅਦਾ ਕੀਤਾ ਗਿਆ ਗੁਜਾਰਾ-ਭੱਤਾ
- ☐ ਕੋਈ ਵੀ 1098 ਫਾਰਮ
- ☐ ਬੱਚੇ ਦੀ ਦੇਖਭਾਲ ਦੇ ਖਰਚੇ